LIFESAVING SOCIETY®
*The Lifeguarding Experts*

ਪਿਆਰੇ ਮਾਤਾ/ਪਿਤਾ/ਨਿਗਰਾਨ ਜੀ,

ਤੁਹਾਡੇ ਬੱਚੇ ਨੇ ਹਾਲ ਵਿਚ ਹੀ ਸਕੂਲ ਵਿਚ ਲਾਈਫ ਸੇਵਿੰਗ ਸੋਸਾਇਟੀ ਦਾ ***Swim to Survive***® ਪ੍ਰੋਗਰਾਮ ਪੂਰਾ ਕੀਤਾ ਹੈ। *Swim to Survive* ਅਚਾਨਕ ਡੂੰਘੇ ਪਾਣੀ ਵਿਚ ਡਿੱਗਣ ਤੇ ਲੋੜੀਂਦੀਆਂ ਤਿੰਨ ਜ਼ਰੂਰੀ ਮਹਾਰਤਾਂ ਵਿਚ ਸਿਖਲਾਈ ਦੇਂਦਾ ਹੈ।

*Swim to Survive* ਪਾਣੀ ਦੇ ਆਲੇ-ਦੁਆਲੇ ਸੁਰੱਖਿਅਤ ਰਹਿਣ ਲਈ ਇੱਕ ਜ਼ਰੂਰੀ ਕਦਮ ਹੈ। ਇਹ ਤਰਨਾ ਸਿੱਖਣ ਦੇ ਰਵਾਇਤੀ ਪਾਠਾਂ ਦੀ ਦੀ ਥਾਂ ਨਹੀਂ ਲੈ ਸਕਦਾ।

ਤੁਹਾਡੇ ਬੱਚੇ ਨੂੰ *Swim to Survive* ਸਰਟੀਫੀਕੇਟ ਮਿਲਿਆ ਹੋਵੇਗਾ ਜਿਸ ਵਿਚ ਹੇਠਲੀਆਂ ਮਹਾਰਤਾਂ ਵਿਚ ਉਸਦੀ ਯੋਗਤਾ ਦੇ ਪੱਧਰ ਦਾ ਵੇਰਵਾ ਦਿੱਤਾ ਗਿਆ ਹੋਵੇਗਾ:

- ***ਡੂੰਘੇ ਪਾਣੀ ਵਿਚ ਗੋਲ ਘੁੰਮ ਸਕਦਾ (ਰੋਲ ਕਰ ਸਕਦਾ) ਹੈ***
- ***1 ਮਿੰਟ ਲਈ ਪਾਣੀ ਵਿਚ ਪੈਰ ਮਾਰ ਸਕਦਾ ਹੈ***
- ***____ ਮੀਟਰ ਤੈਰ ਸਕਦਾ ਹੈ***
- ***Swim to Survive ਦੇ ਮਿਆਰ (3 ਮਹਾਰਤਾਂ ਨੂੰ ਇੱਕ ਤਰਤੀਬ ਵਿਚ ਕਰਨਾ) ਤਕ ਪਹੁੰਚ ਗਿਆ ਹੈ***
- ***Swim to Survive ਦੇ ਮਿਆਰ ਤਕ ਨਹੀਂ ਪਹੁੰਚਿਆ ਹੈ***

ਸਰਟੀਫੀਕੇਟ ਵਿਚ ਭਾਵੇਂ ਜੋ ਵੀ ਪੱਧਰ ਦਿਖਾਇਆ ਗਿਆ ਹੋਵੇ, ਲਾਈਫ-ਸੇਵਿੰਗ ਸੋਸਾਇਟੀ ***ਸਾਰੇ*** ਬੱਚਿਆਂ ਨੂੰ ਇਸ ਗੱਲ ਲਈ ਪ੍ਰੇਰਿਤ ਕਰਦੀ ਹੈ ਕਿ ਉਹ ਇਸ ਨਿਊਨਤਮ ਪੱਧਰ ਤੋਂ ਵੱਧ ਤਰਨਾ ਸਿੱਖਣ। *ਤੁਹਾਡੇ ਇਲਾਕੇ ਵਿਚ ਤੈਰਾਕੀ ਸਿੱਖਣ ਲਈ ਕਿਵੇਂ ਅਤੇ ਕਿਥੇ ਰਜਿਸਟਰ ਕਰਨਾ ਹੈ, ਇਸ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਬੱਚੇ ਦੇ ਸਰਟੀਫੀਕੇਟ ਦਾ ਪਿਛਲਾ ਪਾਸਾ ਦੇਖੋ।*

ਤੈਰਾਕੀ ਦੇ ਪ੍ਰੋਗਰਾਮਾਂ ਤਕ ਪਹੁੰਚ ਨੂੰ ਵਧਾਉਣ ਲਈ ਕਈ ਸਵਿਮਿੰਗ ਪੂਲ ਯੋਗ ਪਰਿਵਾਰਾਂ ਨੂੰ ਮਾਲੀ ਮਦਦ ਦੇਂਦੇ ਹਨ। ਹੋਰ ਜਾਣਕਾਰੀ ਲਈ ਆਪਣੇ ਸਥਾਨਕ ਪੂਲ ਨਾਲ ਸੰਪਰਕ ਕਰੋ।

ਪ੍ਰੋਗਰਾਮ ਦਾ ਮੁਲਾਂਕਣ ਔਨ-ਲਾਈਨ ਉਪਲਬਧ ਹੈ ਅਤੇ ਤੁਹਾਡੇ ਫੀਡਬੈਕ ਲਈ ਅਸੀਂ ਤੁਹਾਡੇ ਬਹੁਤ ਧੰਨਵਾਦੀ ਹੋਵਾਂਗੇ। ਇਸ ਮੁਲਾਂਕਣ ਨੂੰ ਵੇਖਣ ਲਈ ਲਾਈਫ ਸੇਵਿੰਗ ਸੋਸਾਇਟੀ ਦੀ ਵੈਬਸਾਈਟ www.lifesavingsociety.com ਵਿਖੇ Swim to Survive ਦੇ ਵੈਬ ਪੇਜ "Parent Materials" ਤੇ ਜਾਉ।

ਜੇ ਤੁਹਾ ਨੂੰ ਹੋਰ ਜਾਣਕਾਰੀ ਦੀ ਲੋੜ ਹੈ ਜਾਂ ਜੇ ਤੁਸੀਂ ਇਸ ਜਾਨ ਬਚਾਉਣ ਲਈ ਸਿਖਲਾਈ ਵਾਲੇ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਬੇਝਿਜਕ ਹੋ ਕੇ ਸਿੱਧਾ ਮੈਨੂੰ 416-490-8844 ਨੰਬਰ ਤੇ ਫੋਨ ਕਰੋ ਜਾਂ swimtosurvive@lifeguarding.com ਦੇ ਪਤੇ ਤੇ ਈਮੇਲ ਭੇਜੋ।

ਸ਼ੁਭਚਿੰਤਕ,

ਪਬਲਿਕ ਐਜੂਕੇਸ਼ਨ ਕੋਆਰਡੀਨੇਟਰ

ਰਜਿਸਟਰਜ ਚੈਰਿਟੀ ਨੰਬਰ: 10809 7270 RR0001

400 Consumers Road
Toronto, Ontario M2J 1P8, Canada

**ਟੈਲੀ:: 416-490-8844 ਫੈਕਸ: 416-490-8766**
ਈਮੇਲ: **expers@lifeguarding.com**
**www.lifesavingsociety.com**